"ਖੋਜ ਲਿਆ **ਦੁਖ-ਸੁਖ** ਦਾ ਕੋਣਾ ਕੋਣਾ,
ਦੇਖ ਲਿਆ ਨੈਣਾਂ ਦਾ ਹਾਸਾ, ਰੋਣਾ।"

G- 481

ਸਭ ਹੱਕ ਪ੍ਰਕਾਸ਼ਕ ਦੇ ਸੁਰਖਿਅਤ ਹਨ।

26897

ਮੁੱਲ ਇਕ ਰੁਪਿਆ ਦਸ ਆਨੇ

ਪਹਿਲੀ ਵਾਰ ੧੯੪੧

ਪ੍ਰਕਾਸ਼ਕ—ਹਰਭਜਨ ਸਿੰਘ ਪ੍ਰੋ: "ਭਾਪੇ ਦੀ ਹੱਟੀ"

ਮਾਈ ਸੇਵਾਂ, ਅੰਮ੍ਰਿਤਸਰ।

"ਪੰਜਾਬ ਲਿਟਰੇਰੀ ਪ੍ਰੈਸ" ਅੰਮ੍ਰਿਤਸਰ ਵਿਚ ਮਿ: ਸ਼ੰਮਸ ਦੀਨ ਪ੍ਰਿੰਟਰ ਨੇ ਛਾਪਿਆ।

# ਮੁੱਖ-ਵਿਚਾਰ

ਮੇਰਾ ਖਿਆਲ ਸੀ ਕਿ ਮੈਂ ਆਪਣੀਆਂ ਕਹਾਣੀਆਂ ਦਾ ਇਹ ਸੰਗ੍ਰਹਿ ਬਿਨਾ ਕਿਸੇ ਭੂਮਿਕਾ ਜਾਂ ਮੁੱਖ-ਬੰਧ ਦੇ ਪੰਜਾਬੀ ਪਿਆਰਿਆਂ ਦੇ ਹੱਥਾਂ ਤਕ ਪੁਚਾਉਂਦਾ। ਪਰ ਕੁਝ ਕਾਰਨ ਹਨ ਕਿ ਮੈਨੂੰ ਆਪਣੇ ਵਿਚਾਰ ਪਾਠਕਾਂ ਦੇ ਅੱਗੇ ਰੱਖਣ ਲਈ ਮਜਬੂਰ ਹੋਣਾ ਪਿਆ।

ਅੱਜ ਜੇ ਮੈਨੂੰ ਕੋਈ ਪੁੱਛੇ ਕਿ ਤੁਹਾਡੇ ਸੰਗ੍ਰਹਿ ਵਿਚ ਕਿਹੜੀਆਂ ਕਹਾਣੀਆਂ ਚੰਗੀਆਂ ਹਨ ਤਾਂ ਮੇਰਾ ਉਤਰ ਹੋਵੇਗਾ ਕਿ ਸਾਰੀਆਂ ਤੇ ਜੇ ਕੋਈ ਪੁੱਛੇ ਕਿ ਕਿਹੜੀ ਕਹਾਣੀ ਸਭ ਤੋਂ ਚੰਗੀ ਹੈ ਤਾਂ ਮੇਰਾ ਉੱਤਰ ਚੁੱਪ ਹੋਵੇਗਾ। ਭੈੜੀ ਜਾਂ ਸਭ ਤੋਂ ਵੰਗੀ ਦੀ ਪਰਖ ਕਰਨੀ ਪੜਚੋਲੀਏ ਦਾ ਕੰਮ ਹੁੰਦਾ ਹੈ, ਲੇਖਕ ਦਾ ਨਹੀਂ। ਮਾਤਾ ਪਿਤਾ ਵਾਸਤੇ ਸਾਰੇ ਪੁੱਤਰ ਉਨ੍ਹਾਂ ਦੀ ਜਿੰਦ ਜਾਨ ਹੁੰਦੇ ਹਨ। ਉਨ੍ਹਾਂ ਨੇ ਆਪਣੇ ਲਹੂ ਨਾਲ ਉਨ੍ਹਾਂ ਦੇ ਜੀਵਨ ਨੂੰ ਸਿੰਜਿਆ ਹੁੰਦਾ ਹੈ। ਇਹ ਬਹੁਤ ਘੱਟ ਦੇਖਣ ਵਿਚ ਆਇਆ ਹੈ ਕਿ ਕੋਈ ਬੰਦਾ ਸਾਹਿੱਤਕਾਰ ਵੀ ਹੋਵੇ ਤੇ ਪੜਚੋਲੀਆ ਵੀ ਤੇ ਇਹ ਵੀ ਬਹੁਤ ਘੱਟ ਦੇਖਣ ਵਿਚ ਆਇਆ ਹੈ ਕਿ ਇਹੋ ਜਿਹਾ ਕੋਈ ਆਦਮੀ ਆਪਣੀਆਂ ਕਿਰਤਾਂ ਤੇ ਕਾਮਯਾਬ ਪੜਚੋਲ ਕਰ ਸਕਿਆ ਹੋਵੇ। ਸਾਹਿੱਤਕਾਰ ਵਿਚ ਮਨ ਦਾ ਦੂਸਰਾ ਜੁਜ਼ ਜਜ਼ਬਾ ਬਹੁਤਾ ਹੋਇਆ ਕਰਦਾ ਹੈ ਜੋ ਮਨ ਦੇ ਪਹਿਲੇ ਜੁਜ਼ ਬੁਧੀ ਦੇ ਬੇਹਤਰੀਨ ਕ੍ਰਿਸ਼ਮੇ ਅਨੁਮਾਨ ਨੂੰ ਜਗਾਇਆ ਕਰਦਾ ਹੈ। ਇਹ ਦੋਵੇਂ ਜੁਜ਼ ਤੀਸਰੇ ਜੁਜ਼ ਅਮਲ ਸਮੇਤ ਹਰ ਮਨ ਵਿਚ ਹੋਇਆ ਕਰਦੇ ਹਨ ਤੇ ਇਨ੍ਹਾਂ ਨੂੰ ਨਿਰੋਲ ਹਾਲਤ ਵਿਚ ਕਿਸੇ ਮਨ ਵਿਚੋਂ ਨਿਖੇੜਿਆ ਨਹੀਂ ਜਾ ਸਕਦਾ। ਪੜਚੋਲੀਏ ਵਿਚ ਬੁਧੀ ਬਹੁਤੀ ਕੰਮ ਕਰਦੀ ਹੈ। ਜਜ਼ਬੇ ਵਾਲਾ ਆਦਮੀ ਸੁੰਦਰ ਚੀਜ਼ਾਂ ਰਚ ਸਕਦਾ ਹੈ ਜੇ ਉਸ ਵਿਚ

ਲੁੜੀਂਦਾ ਹੁਨਰ ਵੀ ਹੋਵੇ ਪਰ ਉਹ ਉਨ੍ਹਾਂ ਸੁੰਦਰ ਚੀਜ਼ਾਂ ਦੇ ਪੈਦਾ ਕਰਨ ਵਿਚ ਵਰਤੇ ਗਏ ਅਸੂਲਾਂ ਨੂੰ ਦਰਸਾ ਕੇ, ਸੁੰਦਰਤਾ ਦੇ ਤੱਤਾਂ ਦਾ ਵਿਸ਼ਲੇਸ਼ਣ ਕਰ ਕੇ ਤੇ ਉਨ੍ਹਾਂ ਨੂੰ ਕਿਸੇ ਆਦਰਸ਼ ਨਾਲ ਮਿਣ ਕੇ ਆਪਣੀ ਰਾਏ ਘੱਟ ਹੀ ਦੇ ਸਕਦਾ।

'ਜਦ ਆਖਰੀ ਰਾਏ ਪੜਚੋਲੀਏ ਦੀ ਹੀ ਹੋਣੀ ਹੈ ਤਾਂ ਇਨ੍ਹਾਂ ਸਤਰਾਂ ਦੇ ਲਿਖੇ ਜਾਣ ਦਾ ਕੀ ਮਤਲਬ ?' ਤੁਸੀਂ ਆਖੋਗੇ। ਖੁਸ਼ੀ ਦੀ ਗੱਲ ਹੈ ਕਿ ਸਾਡੇ ਪੰਜਾਬੀ ਸਾਹਿੱਤ ਦੇ ਮੈਦਾਨ ਵਿਚ ਸਾਹਿਤਕਾਰਾਂ ਦੀ ਥੁੜ ਨਹੀਂ, ਜੇ ਥੁੜ ਹੈ ਤਾਂ ਅਸਲੀ ਪੜਚੋਲੀਆਂ ਦੀ। ਪੜਚੋਲ ਦਾ ਸਾਰਾ ਮੈਦਾਨ ਕੁਝ ਐਸੇ ਆਦਮੀਆਂ ਦੇ ਹੱਥ ਹੈ ਕਿ ਜਿਨ੍ਹਾਂ ਨੂੰ ਮੈਂ ਹਾਸੇ ਵਿਚ 'ਸਾਹਿੱਤਕ-ਸਰਮਾਇਆਦਾਰ' ਆਖਿਆ ਕਰਦਾ ਹਾਂ। ਸਰਮਾਇਆਦਾਰ ਹਮੇਸ਼ਾਂ ਆਪਣੇ ਫਾਇਦੇ ਨੂੰ ਮੁੱਖ ਰਖ ਕੇ ਹਰ ਕੰਮ ਕਰਿਆ ਕਰਦੇ ਹਨ ਅਤੇ ਇਹ ਫਾਇਦਾ ਇਨ੍ਹਾਂ ਬਿਪਾਰੀ-ਪੜਚੋਲੀਆਂ ਦੀ ਪੜਚੋਲੀਆ-ਕਲਮ ਨੂੰ ਕਿਸੇ ਪਾਸੇ ਭਵਾ ਸਕਦਾ ਹੈ। ਇਨ੍ਹਾਂ ਸਾਹਿੱਤਕ-ਸਰਮਾਦਿਦਾਰਾਂ ਨੇ ਆਪਣੀਆਂ ਗੁਮਰਾਹ ਕਰਨ ਵਾਲੀਆਂ ਰਾਇਆਂ ਨਾਲ ਜਿੱਥੇ ਕਈ ਨੌਜੁਆਨ ਹੋਣਹਾਰ ਕਵੀਆਂ ਤੇ ਲਿਖਾਰੀਆਂ ਨੂੰ ਆਪਣੇ ਸਕੂਲ ਮਗਰ ਲਾਉਣ ਲਈ ਮਾਰਿਆ ਹੈ, ਉੱਥੇ ਆਮ ਪੰਜਾਬੀ ਜਨਤਾ ਦੇ ਸਾਹਿੱਤ-ਸੁਆਦ ਨੂੰ ਵਿਗਾੜਨ ਦਾ ਵੀ ਚੋਖਾ ਜਤਨ ਕੀਤਾ ਹੈ। ਮੇਰਾ ਇਨ੍ਹਾਂ ਮਹਾਂ ਪੁਰਸ਼ਾਂ ਨਾਲ ਇਨ੍ਹਾਂ ਗੱਲਾਂ ਕਰਕੇ ਹੀ ਸੰਮਤੀ-ਭੇਦ ਰਿਹਾ ਹੈ ਤੇ ਮੇਰੇ ਕੁਝ ਮਿੱਤਰਾਂ ਦਾ ਵੀ। ਤੇ ਮੈਨੂੰ ਉਨ੍ਹਾਂ ਦਾ ਇਹ ਜ਼ਬਾਨੀ ਸੁਨੇਹਾ ਵੀ ਪਹੁੰਚ ਚੁੱਕਾ ਹੈ ਕਿ ਕੀ ਹੈ ਸੁਜਾਨ ਸਿੰਘ, ਅਸੀਂ ਉਸ ਨੂੰ ਕਲਮ ਦੀ ਇਕ ਜੁੰਬਸ਼ ਨਾਲ ਕੁਚਲ ਕੇ ਰਖ ਦਵਾਂਗੇ। ਇਨ੍ਹਾਂ ਮਹਾਂ-ਅਨੁਭਾਵਾਂ ਨੂੰ ਮੇਰਾ ਇੰਨਾ ਜਵਾਬ ਕਾਫੀ ਹੈ—ਤੇ ਮੈਨੂੰ ਪਤਾ ਹੈ ਕਿ ਇਹ ਲਿਖਣ ਬਦਲੇ ਮੈਨੂੰ ਕੀ ਕੀ ਸਜ਼ਾਵਾਂ ਭੁਗਤਣੀਆਂ ਪੈਣਗੀਆਂ—ਕਿ ਜਿਸ ਦੇ ਅੰਦਰ ਜ਼ਰਾ ਜਿੰਨਾ ਭੀ 'ਕੁਝ' ਹੈ, ਉਸ ਨੂੰ ਕੋਈ ਲਿਤਾੜ ਨਹੀਂ ਸਕਦਾ ਅਤੇ ਜੇ ਕਿਸੇ ਕੋਲ ਉਹ 'ਕੁਝ' ਹੈ ਨਹੀਂ ਉਹ ਤਾਂ ਪਹਿਲੋਂ ਹੀ ਲਿਤੜਿਆ ਪਿਆ ਹੈ। ਕੁਚਲਨ



ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਇਸ ਜੰਗ ਦੇ ਜ਼ਮਾਨੇ ਵਿਚ ਬਚਾ ਦੀ ਨੀਤੀ ਦਾ ਬੜਾ ਚਰਚਾ ਹੈ ਤੇ ਇਹ ਵੀ ਇਕ ਕਾਰਨ ਹੈ ਇਨ੍ਹਾਂ ਸਤਰਾਂ ਦੇ ਲਿਖੇ ਜਾਣਦਾ। ਕਿਉਂਕਿ ਮੇਰੀਆਂ ਕਹਾਣੀਆਂ ਦੀ ਅਪੀਲ ਪੜ੍ਹੀ ਲਿਖੀ ਪਾਠਕ ਜਨਤਾ ਕੋਲ ਹੋਣੀ ਹੈ, ਇਸ ਲਈ ਮੈਂ ਆਪਣੀ ਕਹਾਣੀ-ਕਲਾ ਬਾਰੇ ਜੋ ਕੁਝ ਲਿਖਾਂਗਾ ਉਨ੍ਹਾਂ ਲਈ ਲਿਖਾਂਗਾ।

ਜਿਥੋਂ ਤਕ ਮੈਨੂੰ ਚੇਤਾ ਹੈ, ਸੰਨ ੧੯੩੬ ਦੀ ਗਲ ਹੋਵੇਗੀ ਕਿ ਮੈਂ ਇਕ ਸਾਹਿੱਤਕ-ਲੇਖ 'ਤਵਿਆਂ ਵਾਲਾ ਵਾਜਾ' ਲਿਖਿਆ। ਇਹ ਲੇਖ ਇਸੇ ਸਾਲ ਦੇ ਕਿਸੇ 'ਲਿਖਾਰੀ' ਵਿਚ ਛਪਿਆ। ਕੁਝ ਦਿਨਾਂ ਮਗਰੋਂ ਮੇਰੇ ਇਕ ਮਿੱਤਰ ਜੀ ਨੇ ਖਾਲਸਾ ਕਾਲਜ ਦੇ ਇਕ ਪ੍ਰੋਫੈਸਰ ਸਾਹਿਬ ਨਾਲ ਮੇਰੀ ਜਾਣ-ਪਛਾਣ ਕਰਵਾਈ ਜੋ ਮੇਰੇ ਕਾਲਜ ਪੜ੍ਹਨ ਦੇ ਦਿਨਾਂ ਵਿਚ ਉਥੇ ਨਹੀਂ ਲੱਗੇ ਸਨ। ਜਾਣ-ਪਛਾਣ ਦੇ ਦੌਰਾਨ ਵਿਚ ਪ੍ਰੋਫੈਸਰ ਸਾਹਿਬ ਨੇ ਕਿਹਾ ਕਿ ਮੈਂ ਤੁਹਾਡੀ ਕਹਾਣੀ 'ਤਵਿਆਂ ਵਾਲਾ ਵਾਜਾ' ਪੜ੍ਹੀ ਹੈ ਤੇ ਮੈਨੂੰ ਬੜੀ ਸੁਆਦੀ ਲੱਗੀ ਹੈ। ਮੈਂ ਹਰਾਨ ਹੋ ਕੇ ਪੁੱਛਿਆ, 'ਕਿਹੜੀ ਕਹਾਣੀ ?' ਉਨ੍ਹਾਂ ਦ੍ਰਿੜ੍ਹਤਾ ਨਾਲ ਉੱਤਰ ਦਿੱਤਾ, 'ਉਹ ਜੀ, ਤਵਿਆਂ ਵਾਲਾ ਵਾਜਾ।' ਮੈਂ ਬੜਾ ਘਬਰਾਇਆ। ਅਸਲ ਵਿਚ ਇਹ ਲੇਖ ਮੈਂ ਪੰਜਾਬੀ ਵਿਚ ਸਾਹਿੱਤਕ ਲੇਖਾਂ ਦਾ ਨਮੂਨਾ ਦੱਸਣ ਲਈ ਲਿਖਿਆ ਸੀ। ਇਸ ਤੋਂ ਪਹਿਲਾਂ ਪ੍ਰੋਫੈਸਰ ਪੂਰਨ ਸਿੰਘ ਜੀ ਦੇ ਲੇਖ ਔਖੇ ਹੋਣ ਕਰਕੇ ਪ੍ਰਚੱਲਤ ਨਹੀਂ ਸਨ ਹੋ ਸਕੇ, ਪ੍ਰੋਫੈਸਰ ਤੇਜਾ ਸਿੰਘ ਜੀ ਦੇ ਲੇਖ 'ਪ੍ਰੀਤਮ ਸਿੰਘ ਦਾ ਸੁਭਾ' ਤੇ 'ਗੰਗਾ ਦੀਨ' ਅਧਾਰਕ ਸਨ ਤੇ ਸ. ਸ. ਅਮੋਲ ਜੀ ਦੀ ਲੇਖ-ਪਟਾਰੀ ਵੀ ਅਧਾਰਕ ਤੇ ਅਨੁਵਾਦਤ ਲੇਖਾਂ ਨਾਲ ਭਰੀ ਹੋਈ ਸੀ। ਪੜ੍ਹਾਈ ਦੇ ਦਿਨਾਂ ਵਿਚ ਮੈਂ ਅੰਗ੍ਰੇਜ਼ੀ ਦੇ ਵੱਖੋ ਵੱਖ ਲਿਖਾਰੀਆਂ ਦੇ ਲੇਖ ਪੜ੍ਹੇ ਸਨ। ਉਨ੍ਹਾਂ ਤੋਂ ਪ੍ਰੇਰਿਤ ਹੋ ਕੇ ਮੈਂ ਇਹ ਮੌਲਕ ਲੇਖ ਉਨ੍ਹਾਂ ਦੇ ਨਮੂਨੇ ਤੇ ਲਿਖਿਆ ਸੀ। ਇਸ ਨੂੰ ਕਹਾਣੀ ਦਾ ਨਾਂ ਦਿਤਾ ਜਾਂਦਾ ਸੁਣ ਕੇ ਮੈਂ ਘਬਰਾਉਣਾ ਹੀ ਸੀ। ਕਹਾਣੀਆਂ ਵੀ ਮੈਂ ਅੱਗੇ ਕਾਫੀ ਪੜ੍ਹੀਆਂ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.